"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ

## ਡਾਇਰੈਕਟੋਰੇਟ,ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)

ਫੇਜ-3 ਬੀ-1, ਮੁਹਾਲੀ।

(ਵੈਬਸਾਈਟ www.educationrecruitmentboard.com)

ਮੀਮੋ ਨੰ: 05/02-2021 ਭਡ(2)/2021347013 ਮਿਤੀ: 15-10-2021

**ਪਬਲਿਕ ਨੋਟਿਸ**

ਘਰ-ਘਰ ਰੋਜ਼ਗਾਰ ਯੋਜਨਾ ਤਹਿਤ ਸਕੂਲ ਸਿੱਖਿਆ ਵਿਭਾਗ ਵੱਲੋਂ 6635 ਈ.ਟੀ.ਟੀ. ਪੋਸਟਾਂ (ਡਿਸਐਡਵਾਂਟੇਜ ਏਰੀਆ) ਦੀ ਭਰਤੀ ਲਈ ਵਿਭਾਗ ਵੱਲੋਂ ਵੈਬਸਾਈਟ (www.educationrec ruitmentboard.com) ਰਾਹੀਂ ਯੋਗ ਉਮੀਦਵਾਰਾਂ ਪਾਸੋਂ ਆਨ-ਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਇਸ ਸੰਦਰਭ ਵਿੱਚ ਬੀ.ਏ./ਬੀ.ਐਡ. ਡਿਗਰੀ ਪਾਸ ਉਮੀਦਵਾਰਾਂ ਨੇ ਮਾਨਯੋਗ ਹਾਈ ਕੋਰਟ ਵਿਖੇ ਕਈ ਸਿਵਲ ਰਿੱਟ ਪਟੀਸ਼ਨਾਂ ਫਾਇਲ ਕੀਤੀਆਂ। ਸਿਵਲ ਰਿੱਟ ਪਟੀਸ਼ਨ ਨੰ: 15486 ਆਫ 2021 ਹਰਵਿੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ (ਮੁੱਖ ਕੇਸ ਦੇ ਤੌਰ ਤੇ) ਬੰਚ ਮੈਟਰ ਵਿੱਚ ਮਾਨਯੋਗ ਹਾਈ ਕੋਰਟ ਨੇ ਬੀ.ਐਡ. ਪਾਸ ਉਮੀਦਵਾਰਾਂ ਨੂੰ ਆਰਜ਼ੀ ਤੌਰ ਤੇ ਅਪਲਾਈ ਕਰਨ ਲਈ ਆਗਿਆ ਦੇ ਦਿੱਤੀ। ਇਸੇ ਲੜੀ ਤਹਿਤ ਸਿਵਲ ਰਿੱਟ ਪਟੀਸ਼ਨ ਨੰ: 17599 ਆਫ 2021 ਸ਼ੈਲੀ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ (ਮੁੱਖ ਕੇਸ ਦੇ ਤੌਰ ਤੇ) ਮਾਨਯੋਗ ਹਾਈ ਕੋਰਟ ਨੇ ਪਹਿਲੀ ਸਿਵਲ ਰਿੱਟ ਪਟੀਸ਼ਨ ਵਾਲੇ ਫੈਸਲੇ ਅਨੁਸਾਰ ਵਿਭਾਗ ਨੂੰ ਪਟੀਸ਼ਨਰਾਂ ਦੀਆਂ ਅਰਜ਼ੀਆਂ ਆਰਜ਼ੀ ਤੌਰ ਤੇ ਵਿਚਾਰਨ ਲਈ ਹਦਾਇਤ ਕੀਤੀ ਅਤੇ ਨਾਲ ਹੀ ਸਪੱਸ਼ਟ ਕੀਤਾ ਕਿ ਅਜਿਹਾ ਕਰਨ ਨਾਲ ਪਟੀਸ਼ਨਰਾਂ ਨੂੰ ਪ੍ਰੀਖਿਆ ਵਿੱਚ ਬੈਠਣ ਦਾ ਹੱਕ ਮਿਲਿਆ ਨਹੀਂ ਮੰਨਿਆ ਜਾਵੇਗਾ। ਸਿਵਲ ਰਿੱਟ ਪਟੀਸ਼ਨ ਨੰ: 14586 ਆਫ 2021 ਹਰਵਿੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿਵਲ ਰਿੱਟ ਪਟੀਸ਼ਨ ਨੰ: 17599 ਆਫ 2021 ਸ਼ੈਲੀ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਿਮੀਲਰ ਬੰਚ ਮੈਟਰ ਕੇਸਾਂ ਵਿੱਚ ਮਿਤੀ 14-10-2021 ਨੂੰ ਸੁਣਵਾਈ ਹੋਈ, ਜਿਸ ਵਿੱਚ ਮਾਨਯੋਗ ਹਾਈ ਕੋਰਟ ਨੇ ਪਹਿਲਾਂ ਦਿੱਤੇ ਗਏ ਫੈਸਲਿਆਂ ਨੂੰ ਬਦਲਣ/ਮੁੜ ਵਿਚਾਰਨ ਵਿੱਚ ਦਿਲਚਸਪੀ ਲੈਣ ਤੋਂ ਇਨਕਾਰ ਕਰ ਦਿੱਤਾ। ਸਿਵਲ ਰਿੱਟ ਪਟੀਸ਼ਨ ਨੰ: 21092 ਆਫ 2021 ਰਾਹੁਲ ਕਟਾਰੀਆ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਸਿਵਲ ਰਿੱਟ ਪਟੀਸ਼ਨ ਨੰ: 20807 ਆਫ 2021 ਅਮਨਦੀਪ ਕੌਰ ਅਤੇ ਹੋਰ ਵੀ ਮਿਤੀ 14-10-2021 ਨੂੰ ਮਾਨਯੋਗ ਹਾਈ ਕੋਰਟ ਵਿਖੇ ਸੁਣਵਾਈ ਲਈ ਲੱਗੀਆਂ, ਪਰ ਮਾਨਯੋਗ ਅਦਾਲਤ ਨੇ ਅਗਲੀ ਮਿਤੀ ਤੱਕ ਮੁਲਤਵੀ ਕਰ ਦਿੱਤਾ।

ਉਪਰੋਕਤ ਹੁਕਮਾਂ ਦੀ ਰੋਸ਼ਨੀ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਜਿਵੇਂ ਮਾਨਯੋਗ ਹਾਈ ਕੋਰਟ ਵੱਲੋਂ ਬੀ.ਏ./ਬੀ.ਐਡ ਪਾਸ ਓਮੀਦਵਾਰਾਂ/ਪਟੀਸ਼ਨਰਾਂ ਨੂੰ ਲਿਖਤੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਦੇਣ ਸਬੰਧੀ ਕੋਈ ਅੰਤਰਿਮ ਹੁਕਮ ਨਹੀਂ ਕੀਤੇ ਸੋ ਉਸ ਅਨੁਸਾਰ ਮਾਨਯੋਗ ਹਾਈ ਕੋਰਟ ਦੇ ਹੁਕਮ ਨਾ ਹੋਣ ਕਾਰਨ ਬੀ.ਏ./ਬੀ.ਐਡ. ਪਾਸ ਉਮੀਦਵਾਰ ਮਿਤੀ 16-10-2021 ਨੂੰ ਉਪਰੋਕਤ ਦਰਸਾਈ ਭਰਤੀ ਲਈ ਹੋਣ ਵਾਲੀ ਲਿਖਤੀ ਪ੍ਰੀਖਿਆ ਲਈ ਯੋਗ ਨਹੀਂ ਹਨ।

ਸਕੂਲ ਸਿੱਖਿਆ ਵਿਭਾਗ ਵੱਲੋਂ 6635 ਈ.ਟੀ.ਟੀ ਵਿਗਿਆਨ ਨੰ:5/2-2021 ਭਡ(2)/2021258828 ਮਿਤੀ:30-07-2021 ਅਤੇ ਜੇਲ੍ਹ ਵਿਭਾਗ ਦੀਆਂ 22 ਈ.ਟੀ.ਟੀ. ਵਿਗਿਆਪਨ ਨੰ:5/1-2021 ਭਡ(11)/2021273412 ਮਿਤੀ 12-08-2021 ਦੀ ਵਿਦਿਅਕ ਯੋਗਤਾ ਦੀ ਸ਼ਰਤ ਅਤੇ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੀ ਰੌਸ਼ਨੀ ਵਿੱਚ ਕੇਵਲ ਹੇਠ ਲਿਖੀ ਵਿਦਿਅਕ ਯੋਗਤਾ ਵਾਲੇ ਉਮੀਦਵਾਰ ਹੀ ਉਪਰੋਕਤ ਭਰਤੀ ਲਈ ਹੋਣ ਵਾਲੀ ਲਿਖਤੀ ਪ੍ਰੀਖਿਆ ਲਈ ਯੋਗ ਹਨ:-

**"Should have passed 10+2 from a recognized Board or institution Should possess two years Elementary Teachers Training course from a recognized university or institution or two years Diploma in Elementary Education (By Whatever name known)"**

ਉਪਰੋਕਤ ਯੋਗਤਾ ਤੋਂ ਇਲਾਵਾ ਬਿਨਾਂ ਹੋਰ ਯੋਗਤਾ ਵਾਲਾ ਉਮੀਦਵਾਰ ਹਾਜ਼ਰ ਹੁੰਦਾ ਹੈ ਤਾਂ ਅਜਿਹੇ ਉਮੀਦਵਾਰਾਂ ਨੂੰ ਵਿਸ਼ਾ ਅੰਕਿਤ ਭਰਤੀ ਲਈ ਵਿਚਾਰਿਆ ਨਹੀਂ ਜਾਵੇਗਾ।

15/10/21

ਸਹਾਇਕ ਡਾਇਰੈਕਟੋਰੇਟ

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।

Scanned with CamScanner